ਮਿੱਠੇ ਬੱਚੇ:- "ਮਿੱਠੇ ਬੱਚੇ :- ਅਰਥ ਸਹਿਤ ਬਾਪ ਨੂੰ ਯਾਦ ਕਰਨ ਨਾਲ ਹੀ ਤੁਹਾਡੇ ਪਾਪ ਨਾਸ਼ ਹੋਣਗੇ, ਆਤਮਾ ਪਤਿਤ ਤੋਂ ਪਾਵਨ ਬਣੇਗੀ, ਨੰਬਰਵਨ ਸਬਜੈਕਟ ਹੈ ਯਾਦ ਦੀ"

ਪ੍ਰਸ਼ਨ:- ਮਨੁੱਖਾਂ ਦੀ ਅਰਜ਼ੀ ਕੀ ਹੈ ਅਤੇ ਬਾਪ ਉਸ ਅਰਜੀ ਨੂੰ ਕਿਵੇਂ ਪੂਰਾ ਕਰਦੇ ਹਨ?

ਉੱਤਰ:- ਮਨੁੱਖ ਬਾਪ ਨੂੰ ਅਰਜ਼ੀ ਕਰਦੇ ਹਨ - ਓ ਗੋਡ ਫ਼ਾਦਰ, ਸਾਨੂੰ ਪਾਪਾਂ ਤੋਂ ਮੁਕਤ ਕਰੋ, ਓ ਰਹਿਮਦਿਲ ਬਾਬਾ, ਰਹਿਮ ਕਰੋ। ਬਾਬਾ ਸਭ ਦੀ ਅਰਜ਼ੀ ਸੁਣਕੇ ਖੁਦ ਆਉਂਦੇ ਹਨ ਅਤੇ ਪਾਪਾਂ ਤੋਂ ਮੁਕਤ ਹੋਣ ਦੀਆਂ ਯੁਕਤੀਆਂ ਦੱਸਦੇ ਹਨ - ਬੱਚੇ, ਤੁਸੀਂ ਮੈਨੂੰ ਯਾਦ ਕਰੋ। ਸਿਰਫ਼ ਬਾਪ ਦੀ ਮਹਿਮਾ ਗਾਉਣ ਨਾਲ ਕੋਈ ਫ਼ਾਇਦਾ ਨਹੀਂ, ਚਰਿੱਤ੍ਰ ਗਾਉਣੇ ਨਹੀਂ ਹਨ ਪਰ ਰਾਜਯੋਗ ਸਿੱਖਕੇ ਚਰਿੱਤ੍ਰਵਾਨ ਬਣਨਾ ਹੈ।

ਗੀਤ:- ਭੋਲੇਨਾਥ ਤੋਂ ਨਿਰਾਲਾ...

ਓਮ ਸ਼ਾਂਤੀ। ਇਹ ਮਹਿਮਾ ਕਿਸਦੀ ਸੁਣੀ? ਵਿਗੜੀ ਨੂੰ ਬਣਾਉਣ ਵਾਲੇ ਦੀ। ਆਦਿ - ਮੱਧ - ਅੰਤ ਦੀ ਨਾਲੇਜ ਸੁਣਾਉਣ ਵਾਲਾ ਉਹ ਹੈ ਉੱਚ ਤੇ ਉੱਚ। ਜਦੋਂ ਕੋਈ ਸਮਝਣ ਦੇ ਲਈ ਆਉਂਦੇ ਹਨ ਤਾਂ ਹਮੇਸ਼ਾ ਉਹਨਾਂ ਨੂੰ ਪਹਿਲੀ ਗੱਲ ਸਮਝਾਉਣੀ ਹੈ ਕਿ ਉੱਚ ਤੇ ਉੱਚ ਭਗਵਾਨ ਗਾਇਆ ਜਾਂਦਾ ਹੈ। ਉੱਚ ਤੇ ਉੱਚ ਉਹਨਾਂ ਦਾ ਨਾਮ ਵੀ ਹੈ, ਉੱਚ ਤੇ ਉੱਚ ਉਹਨਾਂ ਦਾ ਠਾਂਵ (ਰਹਿਣ ਦਾ ਸਥਾਨ) ਵੀ ਹੈ। ਗ੍ਰੰਥ ਵਿੱਚ ਵੀ ਹੈ ਉੱਚਾ ਜਿਸਦਾ ਨਾਮ, ਉੱਚਾ ਜਿਸਦਾ ਠਾਂਵ। ਉੱਚ ਤੇ ਉੱਚ ਰਹਿਣ ਵਾਲਾ ਹੈ ਪਰਮਪਿਤਾ ਪਰਮਾਤਮਾ। ਉਹ ਹੈ ਨਿਰਾਕਾਰੀ ਦੁਨੀਆਂ, ਜਿੱਥੇ ਨਿਰਾਕਾਰੀ ਪਰਮਪਿਤਾ ਪਰਮਾਤਮਾ ਰਹਿੰਦੇ ਹਨ। ਫਿਰ ਹੇਠਾਂ ਹੈ ਆਕਾਰੀ ਅਤੇ ਸਾਕਾਰੀ ਦੁਨੀਆਂ। ਤਾਂ ਪਹਿਲੇ - ਪਹਿਲੇ ਪਰਿਚੇ ਉਹਨਾਂ ਨੂੰ ਦੇਣਾ ਹੈ। ਪਰਮਪਿਤਾ ਪਰਮਾਤਮਾ ਤੇ ਹੈ ਹੀ ਟਰੁੱਥ। ਉਹ ਹੈ ਹੀ ਰਚੇਤਾ। ਫਿਰ ਹੈ ਉਹਨਾਂ ਦੀ ਰਚਨਾ। ਉੱਚ ਤੇ ਉੱਚ ਬੀਜ਼ਰੂਪ, ਫਿਰ ਉਹਨਾਂ ਦੇ ਥਲੇ ਸੂਕ੍ਸ਼੍ਮਵਤਨਵਾਸੀ ਬ੍ਰਹਮਾ - ਵਿਸ਼ਨੂੰ - ਸ਼ੰਕਰ। ਉਹ ਹੈ ਰਚਨਾ। ਰਚਿਯਤਾ ਸਭ ਤੋਂ ਉਪਰ ਹੈ। ਉਹ ਰਚੇਤਾ ਹੈ ਬਾਪ, ਬਾਕੀ ਹੈ ਰਚਨਾ। ਸਭ ਇੱਕ ਪਰਮਪਿਤਾ ਪਰਮਾਤਮਾ ਦੀ ਸੰਤਾਨ ਹਨ, ਇਸਲਈ ਅਸੀਂ ਆਤਮਾਵਾਂ ਸਭ ਭਰਾ - ਭਰਾ ਠਹਿਰੇ। ਤਾਂ ਪਰਮਪਿਤਾ ਪਰਮਧਾਮ ਵਿੱਚ ਰਹਿੰਦੇ ਹਨ। ਉਹਨਾਂ ਨੂੰ ਹੀ ਪਰਮਾਤਮਾ ਕਿਹਾ ਜਾਂਦਾ ਹੈ। ਸ਼ਰੀਰਿਕ ਪਿਤਾ ਤੇ ਬਹੁਤ ਹਨ ਨਾ। ਪਹਿਲੇ - ਪਹਿਲੇ ਪਰਿਚੇ ਦੇਣਾ ਹੈ ਰੂਹਾਨੀ ਬਾਪ ਦਾ। ਉਹਨਾਂ ਦੀ ਹੈ ਸਭ ਰਚਨਾ। ਚਿਤਰਾਂ ਤੇ ਵੀ ਧਿਆਨ ਖਿਚਵਾਣਾ ਹੈ। ਪਹਿਲੇ - ਪਹਿਲੇ ਹੈ ਉੱਚ ਤੇ ਉੱਚ ਪਰਮਪਿਤਾ ਪਰਮਾਤਮਾ, ਜਿਸਨੂੰ ਮਨੁੱਖ ਸ੍ਰਿਸ਼ਟੀ ਰੂਪੀ ਝਾੜ ਦਾ ਚੇਤੰਨ ਬੀਜ਼ਰੂਪ ਕਿਹਾ ਜਾਂਦਾ ਹੈ। ਉਹ ਸਤ - ਚਿਤ- ਆਨੰਦ ਸਵਰੂਪ ਹੈ। ਸਤ ਮਤਲਬ ਸੱਚ ਕਹਿਣ ਵਾਲਾ। ਆਤਮਾ ਵੀ ਸਤ ਹੈ, ਉਹ ਵੀ ਜਲਦੀ - ਮਰਦੀ ਨਹੀਂ। ਸਤ ਦੇ ਬੱਚੇ ਵੀ ਸੱਚੇ ਹੋਣੇ ਚਾਹੀਦੇ ਹਨ। ਤੁਸੀਂ ਪਹਿਲੇ -ਪਹਿਲੇ ਦੇਵੀ - ਦੇਵਤਾ ਸੱਚੇ ਸੀ। ਸੱਚਖੰਡ ਸਥਾਪਨ ਕਰਨ ਵਾਲਾ ਸੱਚਾ ਬਾਪ ਹੈ। ਇਵੇਂ ਨਹੀਂ ਕਿ ਪਰਮਪਿਤਾ ਪਰਮਾਤਮ ਝੂਠ ਖੰਡ ਸਥਾਪਨ ਕਰਦੇ ਹਨ, ਨਹੀਂ। ਸੱਚਖੰਡ ਸੀ ਫਿਰ ਇਹ ਭਾਰਤ ਝੂਠ ਖੰਡ ਬਣਿਆ ਹੈ। ਸੱਚਾ ਹੈ ਪਰਮਪਿਤਾ ਪਰਮਾਤਮਾ। ਪਤਿਤ ਬਣਾਉਣ ਵਾਲੇ ਨੂੰ ਸੱਚਾ ਨਹੀਂ ਕਹਾਂਗੇ। ਹੋਰ ਸਭ ਹਨ ਝੂਠੇ। 5 ਵਿਕਾਰ ਰੂਪੀ ਮਾਇਆ ਝੂਠਾ ਬਣਾਉਂਦੀ ਹੈ। ਰਾਮ ਸੱਚਾ, ਰਾਵਣ ਝੂਠਾ। ਰਾਵਣ ਹੀ ਭਾਰਤ ਨੂੰ ਝੂਠਾ ਬਣਾਉਂਦੇ ਹਨ। ਕਹਾਣੀ ਸਾਰੀ ਭਾਰਤ ਦੀ ਹੈ। ਸਮਝਾਉਣਾ ਹੈ ਭਾਰਤ ਸਵਰਗ ਸੀ ਹੁਣ ਨਰਕ ਹੈ। ਬਾਪ ਨੂੰ ਸਵਰਗ ਬਨਾਉਣ ਵਾਲਾ ਜਾਂ ਸਵਰਗ ਦਾ ਰਚਿਯਤਾ ਕਿਹਾ ਜਾਂਦਾ ਹੈ। ਮਹਿਮਾ ਵੀ ਭਾਰਤ ਦੀ ਹੈ। ਆਦਿ - ਮੱਧ - ਅੰਤ ਦਾ ਗਿਆਨ ਤੁਹਾਨੂੰ ਸੁਣਾਉਂਦੇ ਹਨ, ਜਿਸ ਨਾਲ ਤੁਸੀਂ ਤ੍ਰਿਕਾਲਦਰਸ਼ੀ ਬਣਦੇ ਹੋ। ਇਸਨੂੰ ਕਿਹਾ ਜਾਂਦਾ ਹੈ - ਸਵਦਰਸ਼ਨ ਚੱਕਰ। ਤੁਸੀਂ ਜਾਣਦੇ ਹੋ ਕਿ ਅਸੀਂ ਆਤਮਾਵਾਂ ਫਿਰ ਤੋਂ ਪਰਮਪਿਤਾ ਪਰਮਾਤਮਾ ਤੋਂ ਵਰਸਾ ਲੈ ਰਹੀਆਂ ਹਾਂ। ਗਾਇਆ ਵੀ ਜਾਂਦਾ ਹੈ ਆਤਮਾਵਾਂ ਅਤੇ ਪਰਮਾਤਮਾ ਅਲਗ ਰਹੇ ਬਹੁਕਾਲ। ਹੁਣ ਇਹ ਮਿਲਣ ਬਹੁਤ ਸੁੰਦਰ ਮੰਗਲਕਾਰੀ ਹੈ। ਤੁਸੀਂ ਪਹਿਲੇ - ਪਹਿਲੇ ਬਾਪ ਦਾ ਪਰਿਚੇ ਦਿੰਦੇ ਹੋ। ਰਚਿਯਤਾ ਬਾਪ ਨੂੰ ਸਰਵਵਿਆਪੀ ਕਹਿਣ ਨਾਲ ਫਿਰ ਇਹ ਸਿੱਧ ਨਹੀਂ ਹੁੰਦਾ ਕਿ ਅਸੀਂ ਸਭ ਬੱਚੇ ਹਾਂ। ਬੱਚੇ ਇਵੇਂ ਨਹੀਂ ਕਹਿਣਗੇ ਕਿ ਅਸੀਂ ਸਭ ਪਰਮਪਿਤਾ ਪਰਮਾਤਮਾ ਹਾਂ। ਸਰਵਵਿਆਪੀ ਕਹਿਣ ਨਾਲ ਬਾਪ ਨਾਲ ਲਵ ਨਹੀਂ ਰਹਿਣਾ ਹੈ। ਭਾਰਤ ਦਾ ਪ੍ਰਾਚੀਨ ਯੋਗ ਮਸ਼ਹੂਰ ਹੈ। ਅਸਲ ਵਿੱਚ ਬੁੱਧੀ ਦਾ ਯੋਗ ਲਗਾਉਣਾ ਹੈ ਬਾਪ ਦੇ ਨਾਲ। ਸਰਵਵਿਆਪੀ ਹੈ ਤਾਂ ਫਿਰ ਯੋਗ ਕਿਸਦੇ ਨਾਲ ਲਗਾਵੇਂ? ਕੀ ਆਪਣੇ ਆਪ ਨਾਲ ਲਗਾਵੇਂ? ਕੋਈ ਅਰਥ ਹੀ ਨਹੀਂ ਨਿਕਲਦਾ। ਇੱਥੇ ਤੇ ਤੁਸੀਂ ਅਰਥ ਸਹਿਤ ਜਾਣਦੇ ਹੋ। ਬਾਪ ਖੁਦ ਕਹਿੰਦੇ ਹਨ ਮੇਰੇ ਨਾਲ ਯੋਗ ਲਗਾਉਣ ਨਾਲ ਤੁਹਾਡੇ ਵਿਕਰਮ ਵਿਨਾਸ਼ ਹੋਣਗੇ। ਵਿਰਕਮ ਤੇ ਹੁੰਦੇ ਰਹਿੰਦੇ ਹਨ। ਸੰਪੂਰਨ ਕਰਮਾਤੀਤ ਅਵਸਥਾ ਅੰਤ ਵਿੱਚ ਹੋਵੇਗੀ। ਜਦੋਂ ਗਿਆਨ ਦਾ ਅੰਤ ਹੋਵੇਗਾ ਉਦੋਂ ਰਿਜਲਟ ਨਿਕਲੇਗੀ। ਸਕੂਲ ਵਿੱਚ ਤਾਂ ਕੋਈ ਕਿਸੇ ਸਬਜੈਕਟ ਵਿੱਚ ਤਿੱਖੇ ਜਾਂਦੇ ਹਨ, ਕੋਈ ਕਿਸੇ ਵਿੱਚ ਤਿੱਖੇ ਜਾਂਦੇ ਹਨ। ਸਹਿਜ ਸਬਜੈਕਟ ਹੈ ਯਾਦ ਦੀ। ਬਾਪ ਨੂੰ ਯਾਦ ਕੀਤਾ ਜਾਂਦਾ ਹੈ। ਯਾਦ ਨਾਲ ਫਿਰ ਆਤਮਾ ਚੰਗੀ ਹੋਵੇਗੀ। ਭਾਂਡਾ ਸਾਫ਼ ਹੋਵੇਗਾ। ਆਤਮਾ ਜੋ ਇਮਪਿਓਰ ਬਣੀ ਹੈ ਉਹ ਪਿਓਰ ਬਣਦੀ ਜਾਏਗੀ। ਉੱਚ ਤੇ ਉੱਚ ਬਾਪ ਆਕੇ ਪੜ੍ਹਾਉਂਦੇ ਹਨ ਅਤੇ ਉੱਚ ਤੇ ਉੱਚ ਪਦਵੀ ਪ੍ਰਾਪਤ ਕਰਾਉਂਦੇ ਹਨ। ਤੁਸੀਂ ਮਨੁੱਖ ਤੋਂ ਦੇਵਤੇ ਬਣਦੇ ਹੋ। ਸਮਝਦੇ ਹੋ ਕਿ ਬਰੋਬਰ ਆਦਿ ਸਨਾਤਨ ਦੇਵਤਾ ਧਰਮ ਸੀ। ਉਹਨਾਂ ਨੂੰ ਹਿੰਦੂ ਨਹੀਂ ਕਹਾਂਗੇ। ਭਾਰਤ ਦਾ ਨਾਮ ਬਦਲਕੇ ਹਿੰਦੂਸਥਾਨ ਨਾਮ ਰੱਖ ਦਿੱਤਾ ਹੈ। ਆਦਿ ਸਨਾਤਨ ਪਵਿੱਤਰ ਦੇਵੀ - ਦੇਵਤਾ ਧਰਮ ਸੀ, ਜਿਸਨੂੰ ਬੈਕੁੰਠ ਮਤਲਬ ਸਵਰਗ ਕਿਹਾ ਜਾਂਦਾ ਹੈ। ਉਹ ਤਾਂ ਸਤਿਯੁਗ ਹੈ। ਉਹਨਾਂ ਨੂੰ ਕਿਹਾ ਜਾਂਦਾ ਹੈ ਨਵੀਂ ਦੁਨੀਆਂ। ਉਹਨਾਂ ਨੂੰ

ਰਚਣ ਵਾਲਾ ਬਾਪ ਹੈ। ਉਹ ਹੈ ਨਿਰਾਕਾਰ। ਸਭ ਕਹਿੰਦੇ ਹਨ ਓਹ ਗੋਡ ਫ਼ਾਦਰ। ਉਹ ਉੱਚ ਤੇ ਉੱਚ ਰਹਿੰਦੇ ਹਨ। ਬ੍ਰਹਮਾ - ਵਿਸ਼ਨੂੰ - ਸ਼ੰਕਰ ਨੂੰ ਸੂਕ੍ਸ਼੍ਮ ਦੇਹ ਮਿਲੀ ਹੋਈ ਹੈ। ਉਸਨੂੰ ਸੂਕ੍ਸ਼੍ਮ ਲੋਕ ਕਿਹਾ ਜਾਂਦਾ ਹੈ। ਅਤੇ ਉਹ ਹੈ ਸ਼ਾਂਤੀਧਾਮ, ਸਾਈਲੈਂਸ ਵਰਲਡ। ਇਹ ਹੈ ਸਥੂਲਵਤਨ। ਤਾਂ ਪਹਿਲੇ - ਪਹਿਲੇ ਜਦੋਂ ਕੋਈ ਵੀ ਆਉਂਦੇ ਹਨ ਤਾਂ ਉਹਨਾਂ ਕੋਲੋਂ ਫਾਰਮ ਭਰਵਾਉਣਾ ਹੈ। ਆਤਮਾ ਦਾ ਬਾਪ ਕੌਣ ਹੈ? ਉੱਚ ਤੇ ਉੱਚ ਤਾਂ ਭਗਵਾਨ ਨੂੰ ਕਿਹਾ ਜਾਂਦਾ ਹੈ। ਸਾਧੂ ਸੰਤ ਆਦਿ ਸਭ ਪ੍ਰਾਥਨਾ ਕਰਦੇ ਹਨ। ਪ੍ਰਾਥਨਾ ਨੂੰ ਰਿਕਵੈਸਟ ਵੀ ਕਿਹਾ ਜਾਂਦਾ ਹੈ। ਓ ਗੋਡ ਫ਼ਾਦਰ, ਅਸੀਂ ਅਰਜ਼ੀ ਕਰਦੇ ਹਾਂ, ਸਾਡੇ ਪਾਪਾਂ ਨੂੰ ਦਗਧ ਕਰੋ ਅਤੇ ਰਹਿਮਦਿਲ ਬਾਬਾ ਰਹਿਮ ਕਰੋ। ਇਵੇਂ - ਇਵੇਂ ਪੁਕਾਰਦੇ ਹਨ। ਰਹਿਮ ਸਭ ਤਾਂ ਨਹੀਂ ਕਰਨਗੇ। ਸਭ ਤੇ ਰਹਿਮ ਕਰਨ ਵਾਲਾ ਤਾਂ ਇਕ ਹੀ ਬਾਪ ਹੈ। ਸ੍ਰਵੋਦਆ ਕਹਿੰਦੇ ਹਨ ਨਾ। ਹੁਣ ਉਹ ਕੀ ਕਰਦੇ ਹਨ? ਕਿੰਨਿਆਂ ਤੇ ਰਹਿਮ ਕਰਦੇ ਹੋਣਗੇ। ਉਹ ਵੀ ਡਰਾਮੇ ਵਿੱਚ ਨੂੰਧ ਹੈ। ਇਸ ਸਮੇਂ ਜੋ ਕੁਝ ਚਲਦਾ ਹੈ ਉਸ ਨਾਲ ਤੁਸੀਂ ਭੇਂਟ ਕਰਦੇ ਹੋ। ਗੀਤਾ ਭਗਵਤ ਵਿੱਚ ਇਹ ਗੱਲਾਂ ਹੈ ਨਹੀਂ। ਗੀਤਾ ਹੈ ਗਿਆਨ ਬਾਕੀ ਚਿਰਤ੍ਰ ਆਦਿ ਦੀ ਤਾਂ ਕੋਈ ਲੋੜ ਨਹੀਂ। ਸਟੂਡੈਂਟ ਟੀਚਰ ਦੇ ਚਰਿਤ੍ਰ ਗਾਉਂਦੇ ਹਨ ਕੀ? ਮਾਸਟਰ ਦੀ ਬੈਠ ਮਹਿਮਾ ਕਰਨ ਨਾਲ ਕੋਈ ਵੀ ਫਾਇਦਾ ਨਹੀਂ। ਬਾਪ ਦੀ ਸਿਰਫ਼ ਮਹਿਮਾ ਕਰਨਾ - ਉਹ ਗਿਆਨ ਦਾ ਸਾਗਰ ਹੈ, ਸੁਖ ਦਾ ਸਾਗਰ ਹੈ ਇਸ ਨਾਲ ਦੁਖ ਵੀ ਮਿਲਦਾ ਨਹੀਂ ਹੈ। ਹੁਣ ਤੁਸੀਂ ਬੱਚੇ ਸਮਝਦੇ ਹੋ ਕਿ ਬਾਬਾ ਸਾਨੂੰ ਰਾਜਯੋਗ ਸਿਖਲਾਕੇ ਤ੍ਰਿਕਾਲਦਰਸ਼ੀ ਬਣਾਉਂਦਾ ਹੈ ਮਤਲਬ ਤਿੰਨਾਂ ਕਾਲਾਂ ਅਤੇ ਤਿੰਨਾਂ ਲੋਕਾਂ ਦੀ ਨਾਲੇਜ਼ ਦਿੰਦੇ ਹਨ। ਤਾਂ ਤੁਸੀਂ ਮਾਸਟਰ ਤ੍ਰਿਕਾਲਦਰਸ਼ੀ ਦੇ ਨਾਥ ਵੀ ਕਹਾ ਸਕਦੇ ਹੋ। ਤ੍ਰਿਕਾਲਦਰਸ਼ੀ ਵੀ ਕਹਾ ਸਕਦੇ ਹੋ। ਬਰੋਬਰ ਅਸੀਂ ਤਿੰਨਾਂ ਲੋਕਾਂ ਨੂੰ ਜਾਨਣ ਵਾਲੇ ਨਾਥ ਬਣਦੇ ਹਾਂ। ਇਹ ਰਾਜਯੋਗ ਹੈ। ਅਸੀਂ ਬਾਦਸ਼ਾਹ ਬਣ ਰਹੇ ਹਾਂ। ਬਣਾਉਣ ਵਾਲਾ ਬਾਪ । ਪਾਰਸਨਾਥ ਕਹਿੰਦੇ ਹਨ ਨਾ। ਉਹ ਹਨ ਲਕਸ਼ਮੀ- ਨਾਰਾਇਣ, ਭਾਵੇਂ ਉਹਨਾਂ ਦੇ ਮੰਦਿਰ ਹਨ ਪਰ ਮਨੁੱਖ ਜਾਣਦੇ ਨਹੀਂ ਕਿ ਇਹ ਕੌਣ ਹਨ? ਲਕਸ਼ਮੀ - ਨਾਰਾਇਣ ਹਨ ਪਾਰਸਪੁਰੀ ਦੇ ਨਾਥ। ਪਾਰਸਪੁਰੀ ਸਤਿਯੁਗ ਨੂੰ ਕਿਹਾ ਜਾਂਦਾ ਹੈ।

ਤੁਸੀਂ ਇਹ ਜਾਣਦੇ ਹੋ ਬਰੋਬਰ ਸ਼੍ਰੀਕ੍ਰਿਸ਼ਨ ਦੇ ਹੀਰੇ - ਜਵਾਹਰਾਤਾਂ ਦੇ ਮਹਿਲ ਸਨ। ਪਾਰਸਨਾਥ ਸੀ। ਤਾਂ ਪਹਿਲੇ - ਪਹਿਲੇ ਇਹ ਸਮਝਾਓ ਕਿ ਇਹ ਮੰਨਦੇ ਹੋ ਸਭ ਦਾ ਰਚਿਯਤਾ ਬਾਪ ਹੈ। ਬ੍ਰਹਮਾ - ਵਿਸ਼ਨੂੰ - ਸ਼ੰਕਰ ਦਾ ਵੀ ਉਹ ਰਚਿਯਤਾ ਠਹਿਰਿਆ। ਪਹਿਲੇ ਤਾਂ ਇਹ ਨਿਸ਼ਚੇ ਕਰੋ ਕਿ ਉਹ ਬਾਪ ਸਵਰਗ ਦਾ ਰਚਿਯਤਾ ਹੈ। ਸਵਰਗ ਵਿੱਚ ਆਦਿ ਸਨਾਤਨ ਦੇਵੀ - ਦੇਵਤਾ ਧਰਮ ਵਾਲੇ ਸਨ। ਉਹਨਾਂ ਨੂੰ ਇਹ ਨਾਲੇਜ਼ ਕਦੋਂ ਮਿਲੀ? ਬਾਪ ਕਹਿੰਦੇ ਹਨ ਕਿ ਮੈਂ ਕਲਪ - ਕਲਪ ਸੰਗਮਯੁਗੇ ਆਉਂਦਾ ਹਾਂ ਨਾਲੇਜ਼ ਦੇਣ। ਬਰੋਬਰ ਤੁਸੀਂ ਸਤਿਯੁਗ ਆਦਿ ਦੇ ਪਾਰਸਨਾਥ ਬਣ ਰਹੇ ਹੋ। ਕਿੰਨੀ ਫਸਟਕਲਾਸ ਨਾਲੇਜ਼ ਹੈ। ਇੱਥੇ ਬੈਠੇ ਹੋ, ਤੁਸੀਂ ਸਮਝਦੇ ਹੋ ਅਸੀਂ ਬਾਬਾ ਕੋਲੋਂ ਸਵਰਗ ਦਾ ਵਰਸਾ ਪਾਈਏ ਪਾਰਸਨਾਥ ਪਾਰਸਪੁਰੀ ਦੇ ਮਾਲਿਕ ਬਣੋਂਗੇ। ਬੁੱਧੀ ਜਾਣਦੀ ਹੈ ਕਿ ਲਕਸ਼ਮੀ - ਨਾਰਾਇਣ ਆਦਿ ਦੇਵੀ - ਦੇਵਤੇ ਕਿੰਨੇ ਧੰਨਵਾਨ ਸਨ। ਬਹੁਤ ਜੇਵਰ ਆਦਿ ਸਨ। ਬੜੇ ਸਾਹੂਕਾਰ ਹੁੰਦੇ ਹਨ। ਤਾਂ ਪਹਿਲੇ - ਪਹਿਲੇ ਬਾਪ ਨੂੰ ਜਾਨਣਾ ਉਹਨਾਂ ਕੋਲੋਂ ਵਰਸਾ ਲੈਣਾ ਹੈ। ਯਾਦ ਨਾਲ ਵਰਸਾ ਲੈਣਾ ਹੈ। ਸੂਖਸ਼ਮ ਗੱਲ ਇਹ ਹੈ। ਹੀਰੇ ਜਵਾਹਰਾਂ ਦੇ ਕਿੰਨੇ ਵੱਡੇ - ਵੱਡੇ ਮਹਿਲ ਸੀ। ਹੁਣ ਉਹ ਖ਼ਤਮ ਹੋ ਗਏ ਹਨ। ਫਿਰ ਆਪਣੇ ਸਮੇਂ ਤੇ ਖੜੇ ਹੋ ਜਾਣਗੇ। ਪਹਿਲੇ ਸੀ, ਫਿਰ ਖ਼ਤਮ ਹੋਏ, ਫਿਰ ਹੋਣਗੇ ਜਰੂਰ, ਡਰਾਮੇ ਵਿੱਚ ਨੂੰਧਿਆ ਹੋਇਆ ਹੈ। ਇਹ ਬੁੱਧੀ ਨਾਲ ਸਮਝਣ ਦੀ ਗੱਲ ਹੈ। ਲੜਾਈ ਵਿੱਚ ਵੀ ਸਭ ਟੁੱਟ ਫੁੱਟ ਜਾਂਦੇ ਹਨ। ਫਿਰ ਨਵੇਂ ਸਿਰੇ ਮਹਿਲ ਬਣਾਉਂਦੇ ਹਨ। ਮਹਿਲ ਜਰੂਰ ਬਣਾਏ ਹੋਣਗੇ। ਤੁਹਾਨੂੰ ਸਾਖ਼ਸ਼ਾਤਕਾਰ ਹੁੰਦਾ ਹੈ ਕਿ ਬੋਰਬਰ ਮਹਿਲ ਹਨ। ਅਸੀਂ ਬਣਾਏ ਸੀ। ਇਵੇਂ ਨਹੀਂ ਕਿ ਸਾਗਰ ਦੇ ਥੱਲੇ ਚਲੇ ਗਏ ਜੋ ਹੁਣ ਨਿਕਲਣੇ ਹਨ। ਨਹੀਂ। ਇਹ ਤਾਂ ਡਰਾਮੇ ਦਾ ਚੱਕਰ ਫ਼ਿਰਦਾ ਰਹਿੰਦਾ ਹੈ। ਉਹ ਸਮਝਦੇ ਹਨ ਕਿ ਲੰਕਾ ਰਾਵਣ ਦੀ ਮਤਲਬ ਸੋਨੇ ਦੀ ਦਵਾਰਿਕਾ ਥੱਲੇ ਚਲੀ ਗਈ ਹੈ ਜੋ ਫਿਰ ਨਿਕਲੇਗੀ। ਪਰ ਇਵੇਂ ਤਾਂ ਹੈ ਨਹੀਂ। ਹੁਣ ਤੁਸੀਂ ਦਵਾਰਿਕਾ ਦੇ ਮਾਲਿਕ ਬਣ ਰਹੇ ਹੋ। ਕਿੰਨੇ ਮਾਲਾਮਾਲ ਸੀ! ਧਨ ਦੌਲਤ ਸਭ ਸੀ। ਹੁਣ ਸਭ ਗਾਇਬ ਹੋ ਗਿਆ ਹੈ। ਸਭ ਲੈ ਗਏ। ਫਿਰ ਇਵੇਂ ਹੀ ਹੋਵੇਗਾ। ਪਹਿਲੇ - ਪਹਿਲੇ ਬਾਪ ਦਾ ਪਰਿਚੇ ਦੇਕੇ ਫਿਰ ਚੱਕਰ ਦਾ ਰਾਜ਼ ਸਮਝਾਉਣਾ ਹੈ ਕਿ ਇਹ ਕਿਵੇਂ ਫਿਰਦਾ ਹੈ? ਸਤਿਯੁਗ ਦੀ ਸਥਾਪਨਾ ਬਾਪ ਹੀ ਕਰਨਗੇ। ਹੁਣ ਬਾਬਾ ਸਮੁਖ ਬੈਠ ਕਹਿੰਦੇ ਹਨ ਕਿ ਮੈਨੂੰ ਯਾਦ ਕਰੋ। ਇਸ ਯਾਦ ਦੀ ਯੋਗ ਅਗਨੀ ਨਾਲ ਹੀ ਤੁਸੀਂ ਪਤਿਤ ਤੋਂ ਪਾਵਨ ਬਣਦੇ ਹੋ ਹੋਰ ਕੋਈ ਉਪਾਏ ਨਹੀਂ ਹੈ। ਯੋਗ ਅਗਨੀ ਨਾਲ ਆਤਮਾ ਪਤਿਤ ਤੋਂ ਪਾਵਨ ਬਣਦੀ ਹੈ। ਪਤਿਤ - ਪਾਵਨ ਬਾਪ ਹੀ ਆਕੇ ਪਾਵਨ ਦੁਨੀਆਂ ਸਥਾਪਨ ਕਰਦੇ ਹਨ। ਫਿਰ ਤੁਸੀਂ ਗੰਗਾ ਦੇ ਲਈ ਕਿਉਂ ਕਹਿੰਦੇ ਹੋ ਕਿ ਇਹ ਪਤਿਤ - ਪਾਵਨੀ ਹੈ। ਜਪ, ਤਪ, ਗੰਗਾ ਸਨਾਨ ਆਦਿ ਕਰਨਾ ਇਹ ਸਭ ਭਗਤੀ ਮਾਰਗ ਦੀ ਸਾਮਗ੍ਰੀ ਹੈ। ਭਗਤੀ ਮਾਰਗ ਪਹਿਲੇ ਅਵਿੱਭਚਾਰੀ ਸੀ ਫਿਰ ਵਿਭਚਾਰੀ ਬਣਿਆ ਹੈ। ਅੱਧਾਕਲਪ ਲੱਗਿਆ ਹੈ ਵਿਭਚਾਰੀ ਬਣਨ ਵਿੱਚ। 16 ਕਲਾ ਤੋਂ 14 ਕਲਾ, ਫਿਰ ਕਲਾਵਾਂ ਘੱਟ ਹੁੰਦੀਆਂ ਜਾਂਦੀਆਂ ਹਨ। ਇਹ ਗਿਆਨ ਸਾਗਰ ਬਾਪ ਸਮਝਾਉਂਦੇ ਹਨ। ਬ੍ਰਹਮਾ - ਵਿਸ਼ਨੂੰ - ਸ਼ੰਕਰ ਨੂੰ ਗਿਆਨ ਸਾਗਰ, ਮਨੁੱਖ ਸ੍ਰਿਸ਼ਟੀ ਦਾ ਬੀਜ਼ਰੂਪ ਨਹੀਂ ਕਿਹਾ ਜਾਂਦਾ। ਪਰਮਪਿਤਾ ਕਹਿਣ ਨਾਲ ਬੁੱਧੀ ਬ੍ਰਹਮਾ - ਵਿਸ਼ਨੂੰ - ਸ਼ੰਕਰ ਵਲ ਨਹੀਂ ਜਾਂਦੀ ਹੈ। ਆਤਮਾਵਾਂ ਪਰਮਪਿਤਾ ਪਰਮਾਤਮਾ ਬਾਪ ਨੂੰ ਹੀ ਯਾਦ ਕਰਦੀਆਂ ਰਹਿੰਦੀਆਂ ਹਨ। ਜਦੋਂ ਉਹਨਾਂ ਨੂੰ ਦੁੱਖ ਹੁੰਦਾ ਹੈ। ਸਤਿਯੁਗ ਵਿੱਚ ਸੁਖ ਹੈ ਤਾਂ ਕੋਈ ਵੀ ਪੁਕਾਰਦਾ ਨਹੀਂ। ਹੁਣ ਆਤਮਾਵਾਂ ਜਾਣਦੀਆ ਹਨ ਕਿ ਅੱਧਾਕਲਪ ਤੋਂ ਦੁੱਖ ਪਾਇਆ ਹੈ। ਹੁਣ ਫਿਰ ਸਵਰਗ ਵਿੱਚ ਜਾਵਾਂਗੇ। ਉੱਥੇ ਕੋਈ ਵੀ ਦੁੱਖ ਨਹੀਂ ਇਸਲਈ ਸਤਿਯੁਗ ਵਿੱਚ ਬਾਬਾ ਨੂੰ ਯਾਦ ਕਰਨ ਦੀ ਲੋੜ ਨਹੀਂ ਪੈਂਦੀ। ਡਰਾਮੇ ਅਨੁਸਾਰ ਸਾਨੂੰ ਸੁਖ ਦਾ ਵਰਸਾ ਦੇਕੇ ਹੀ ਜਾਣਗੇ। ਮਨੁੱਖ ਜਦੋਂ ਬੁੱਢੇ ਹੁੰਦੇ ਹਨ ਤਾਂ ਵਾਨਪ੍ਰਸਥ ਵਿੱਚ ਜਾਕੇ ਬੈਠਦੇ ਹਨ। ਗੁਰੂ ਕਰਦੇ ਹਨ। ਇੱਥੇ ਤਾਂ ਬਾਪ ਖੁਦ ਆਕੇ ਸਤਿਗੁਰੂ ਬਣਦੇ ਹਨ। ਕਹਿੰਦੇ ਹਨ ਕਿ ਤੁਸੀਂ ਸਭਨੂੰ ਨਾਲ ਲੈ ਜਾਵਾਂਗਾ ਇਵੇਂ ਹੋਰ ਕੋਈ ਵੀ ਕਹਿ ਨਾ ਸਕੇ। ਨਾਲ ਕੋਈ ਵੀ ਨਹੀਂ ਲੈ ਜਾਣਗੇ। ਹਰ ਇੱਕ ਨੂੰ ਪੁਨਰਜਨਮ ਲੈਣਾ ਪਵੇ। ਪਾਰ੍ਟ ਵਿੱਚ ਤਾਂ ਆਉਣਾ ਹੀ ਹੈ। ਮੈਂ ਤਾਂ ਘੜੀ- ਘੜੀ ਜਨਮ ਨਹੀਂ ਲੈਂਦਾ ਹਾਂ। ਜੇਕਰ ਮੈਂ ਵੀ ਘੜੀ - ਘੜੀ ਜਨਮ ਲਵਾਂ ਤਾਂ ਤਮੋਪ੍ਰਧਾਨ ਬਣ ਜਾਵਾਂ। ਆਤਮਾ ਹੀ ਇਮਪਿਓਰ ਬਣਦੀ ਹੈ। ਆਤਮਾ ਵਿੱਚ

ਖਾਦ ਪੈਂਦੀ ਹੈ। ਗੋਲਡਨ ਏਜ, ਸਿਲਵਰ ਏਜ ਅੱਖਰ ਹੁਣ ਹਨ। ਬਰੋਬਰ ਹੁਣ ਆਇਰਨ ਏਜ ਹੈ। ਹੁਣ ਸੰਗਮ ਹੈ। ਬਾਪ ਨੂੰ ਜਰੂਰ ਆਉਣਾ ਹੀ ਹੈ। ਪੁਰਾਣੀ ਸ੍ਰਿਸ਼ਟੀ ਨੂੰ ਨਵਾਂ ਬਣਾਉਣਾ - ਨਹੀਂ ਤਾਂ ਇਹ ਬਾਪ ਦਾ ਹੀ ਕੰਮ ਹੈ। ਬਾਪ ਹੀ ਪਤਿਤ - ਪਾਵਨ ਹਨ ਮਤਲਬ ਸ੍ਰਿਸ਼ਟੀ ਨੂੰ ਬਦਲਣ ਵਾਲਾ ਹੈ। ਸ੍ਰਿਸਟੀ ਦਾ ਰਚਤਾ ਨਹੀਂ, ਬਦਲਣ ਵਾਲਾ ਹੈ, ਰਚਣ ਵਾਲਾ ਕਹਿਣ ਨਾਲ ਮਨੁੱਖ ਸਮਝਦੇ ਹਨ ਬੜੀ ਪ੍ਰਲਯ ਹੁੰਦੀ ਹੈ। ਪਤਿਤ - ਪਾਵਨ ਅੱਖਰ ਠੀਕ ਹੈ। ਸਾਧੂ ਲੋਕ ਵੀ ਗਾਉਂਦੇ ਹਨ ਪਤਿਤ - ਪਾਵਨ ਸੀਤਾਰਾਮ, ਇਵੇਂ ਤਾਂ ਕਦੀ ਨਹੀਂ ਕਹਿਣਗੇ ਕਿ ਪਤੀਤ - ਪਾਵਨੀ ਗੰਗਾ। ਪਤਿਤ - ਪਾਵਨ ਕਹਿਣ ਨਾਲ ਬੁੱਧੀ ਪਰਮਾਤਮਾ ਦੇ ਵਲ ਚਲੀ ਜਾਂਦੀ ਹੈ। ਗੰਗਾ ਨਦੀ ਤਾਂ ਉੱਥੇ ਵੀ ਹੁੰਦੀ ਹੈ, ਪਰ ਉੱਥੇ ਸਭ ਚੀਜ਼ਾਂ ਸਤੋਪ੍ਰਧਾਨ ਹੋ ਜਾਂਦੀਆਂ ਹਨ, ਗੰਗਾ ਵੀ ਸਤੋਪ੍ਰਧਾਨ। ਇੱਥੇ ਤਾਂ ਤਮੋਪ੍ਰਧਾਨ ਹਨ, ਫਲਡਸ ਕਰ ਦਿੰਦੀਆਂ ਹਨ, ਗਾਵੜੇ ਨੂੰ ਡੁਬੋ ਦਿੰਦੀਆਂ ਹਨ। ਬ੍ਰਹਮ - ਪੁੱਤਰਾ ਕਿੰਨੇ ਪਿੰਡਾਂ ਨੂੰ ਡੁਬੋ ਦਿੰਦੀ ਹੈ। ਇਹ ਹੈ ਹੀ ਦੁੱਖਧਾਮ। ਸਤਿਯੁਗ ਵਿੱਚ ਥੋੜੀਹੀ ਦੁੱਖ ਭੋਗੋਗੇ। ਉੱਥੇ ਤੇ ਕਾਇਦੇਸਿਰ ਆਪਣਾ ਰਸਤਾ ਲੈਕੇ ਚੱਲੇਗੀ। ਇੱਥੇ ਰਸਤਾ ਛੱਡ ਦਿੰਦੇ ਹਨ। ਕਦੀ ਕਿਸੇ ਵਲ ਚਲੀ ਜਾਂਦੀ ਹੈ। ਉੱਥੇ 5 ਤੱਤਵ ਸਤੋਪ੍ਰਧਾਨ ਹੋਣ ਦੇ ਕਾਰਨ ਜਲ ਵੀ ਕਦੀ ਦੁੱਖ ਨਹੀਂ ਦਿੰਦਾ। ਇੱਥੇ ਜਲ ਵੀ ਦੁੱਖ ਦਿੰਦਾ ਹੈ। ਪਹਿਲੇ ਤਾਂ ਇਹ ਸਮਝਣਾ ਹੈ ਕਿ ਸਵਰਗ ਦਾ ਸੁਖ ਦੇਣ ਵਾਲਾ ਕੌਣ ਹੈ? ਜਰੂਰ ਆਪ ਹੀ ਹੋਵੇਗਾ। ਹੁਣ ਤਾਂ ਨਰਕ ਹੈ। ਬਾਪ ਆਇਆ ਹੈ। ਅਸੀਂ ਪ੍ਰਜਾਪਿਤਾ ਬਰ੍ਹਮਾ ਦੇ ਬਚੇ ਬ੍ਰਹਮਾਕੁਮਾਰ - ਕੁਮਾਰੀਆਂ ਹਾਂ। ਪ੍ਰਜਾਪਿਤਾ ਬ੍ਰਹਮਾ ਹੋਵੇ ਤਾਂ ਹੀ ਨਵੀਂ ਸ੍ਰਿਸਟੀ ਰਚਣ। ਮਨੁੱਖ ਤੋਂ ਦੇਵਤਾ ਕੀਤੇ... ਕਿਸਨੇ ਕੀਤੇ? ਪਰਮਪਿਤਾ ਪਰਮਾਤਮਾ ਨੇ। ਸ਼੍ਰੀ ਕ੍ਰਿਸ਼ਨ ਤਾਂ ਖੁਦ ਦੇਵਤਾ ਹੈ। ਬਾਪ ਹੀ ਆਕੇ ਮਨੁੱਖ ਨੂੰ ਦੇਵਤਾ ਬਣਾਉਂਦੇ ਹਨ। ਇਹ ਤੁਸੀਂ ਹੁਣ ਹੀ ਜਾਣਦੇ ਹੋ। ਅੱਗੇ ਤਾਂ ਸਿਰਫ਼ ਗਾਉਂਦੇ ਸੀ ਮਨੁੱਖ ਤੋਂ ਦੇਵਤਾ ਕੀਤੇ... ਜਾਣਦੇ ਨਹੀਂ ਸੀ ਕਿ ਸਤਿਯੁਗ ਕਿਸਨੇ ਸਥਾਪਨ ਕੀਤਾ? ਰਚਿਯਤਾ ਕੌਣ ਹੈ? ਸਤਿਯੁਗੀ ਸ੍ਰਿਸਟੀ ਫਿਰ ਕਲਯੁਗੀ ਬਣ ਜਾਂਦੀ ਹੈ। ਤਾਂ ਤੁਸੀਂ ਬੱਚੇ ਸਮਝ ਗਏ ਹੋ ਕਿ ਇਹ ਵੱਡਾ ਮੰਡਵਾ ਹੈ - ਆਕਾਸ਼ ਤੱਤਵ ਦਾ। ਇਸ ਵਿੱਚ ਖੇਡ ਹੁੰਦਾ ਹੈ, ਓਪਨ ਸਟੇਜ ਚਾਹੀਦੀ ਹੈ ਨਾ। ਮਨੁੱਖ ਪਾਰ੍ਟ ਵਜਾਉਂਦੇ ਹਨ ਤਾਂ ਰੋਸ਼ਨੀ ਵੀ ਚਾਹੀਦੀ ਹੈ। ਇਸਦੇ ਲਈ ਫਿਰ ਸੂਰਜ, ਚੰਦ ਸੇਵਾ ਕਰਦੇ ਹਨ। ਸਿਤਾਰੇ ਵੀ ਚਮਕਦੇ ਹਨ। ਜਦੋਂ ਰਾਤ ਹੁੰਦੀ ਹੈ ਤਾਂ ਰੋਸ਼ਨੀ ਮਤਲਬ ਸੁਖ ਦਿੰਦੇ ਹਨ ਇਸ ਲਈ ਸੂਰਜ ਦੇਵਤਾ, ਚੰਦ ਦੇਵਤਾ ਕਹਿੰਦੇ ਹਨ। ਰੋਸ਼ਨੀ ਆਦਿ ਸੁਖ ਦਿੰਦੇ ਹਨ ਨਾ। ਅੱਛਾ!

ਮਿੱਠੇ- ਮਿੱਠੇ ਸਿੱਕੀਲਧੇ ਬੱਚਿਆਂ ਪ੍ਰਤੀ ਮਾਤ ਪਿਤਾ ਬਾਪਦਾਦਾ ਦਾ ਯਾਦ ਪਿਆਰ ਅਤੇ ਗੁੱਡਮੋਰਨਿੰਗ। ਰੂਹਾਨੀ ਬਾਪ ਦੀ ਰੂਹਾਨੀ ਬੱਚਿਆਂ ਨੂੰ ਨਮਸਤੇ।

ਧਾਰਨਾ ਲਈ ਮੁੱਖ ਸਾਰ:-

**1.** ਡਰਾਮੇ ਦੇ ਚੱਕਰ ਨੂੰ ਅਸਲ ਤਰ੍ਹਾਂ ਸਮਝਕੇ ਪੁਰਸ਼ਾਰਥ ਕਰਨਾ ਹੈ। ਬਾਪ ਸਮਾਨ ਰਹਿਮਦਿਲ ਬਣ ਸਭ ਤੇ ਰਹਿਮ ਕਰਨਾ ਹੈ।

**2.** ਬਾਪ ਸੱਚਖੰਡ ਸਥਾਪਨ ਕਰ ਰਹੇ ਹਨ ਇਸਲਈ ਸੱਚਾ ਹੋਕੇ ਰਹਿਣਾ ਹੈ। ਬਾਪ ਦੀ ਯਾਦ ਵਿੱਚ ਆਤਮਾ ਨੂੰ ਸਵੱਛ ਬਣਾਉਣਾ ਹੈ।

ਵਰਦਾਨ:- ਸੇਵਾ ਦੀ ਭਾਵਨਾ ਦਵਾਰਾ ਅਮਰ ਫ਼ਲ ਪ੍ਰਾਪਤ ਕਰਨ ਵਾਲੇ ਸਦਾ ਮਾਇਆ ਦੇ ਰੋਗ ਤੋਂ ਮੁਕਤ ਭਵ

ਜੋ ਬੱਚੇ ਸੰਗਮਯੁਗ ਤੇ ਪ੍ਰਭੂ ਫਲ, ਅਵਿਨਾਸ਼ੀ ਫਲ, ਸਰਵ ਸੰਬੰਧਾਂ ਦੇ ਸਨੇਹ ਦਾ ਰਸ ਵਾਲਾ ਫ਼ਲ ਖਾਂਦੇ ਹਨ ਉਹ ਸਦਾ ਹੀ ਮਾਇਆ ਦੇ ਰੋਗ ਤੋਂ ਮੁਕਤ ਰਹਿੰਦੇ ਹਨ। ਅਤੇ ਫਲ ਤਾਂ ਸਤਿਯੁਗ ਵਿੱਚ ਵੀ ਮਿਲੇਗਾ ਕਲਿਯੁਗ ਵਿੱਚ ਵੀ ਮਿਲੇਗਾ ਪਰ ਸੇਵਾ ਦੀ ਭਾਵਨਾ ਦਾ ਪ੍ਰਤੱਖਫਲ, ਪ੍ਰਭੂ ਫਲ ਜੇਕਰ ਹੁਣ ਨਹੀਂ ਖਾਦਾ ਤਾਂ ਸਾਰੇ ਕਲਪ ਵੀ ਨਹੀਂ ਖਾ ਸਕਦੇ। ਇਹ ਫ਼ਲ ਈਸ਼ਵਰੀ ਜਾਦੂ ਦਾ ਫ਼ਲ ਹੈ, ਜਿਸ ਫ਼ਲ ਖਾਣ ਨਾਲ ਲੋਹੇ ਤੋਂ ਪਾਰਸ ਤਾਂ ਕੀ ਪਰ ਹੀਰਾ ਬਣ ਜਾਂਦੇ ਹੋ। ਇਹ ਫ਼ਲ ਸਾਰੇ ਵਿਘਣਾ ਨੂੰ ਖ਼ਤਮ ਕਰਨ ਵਾਲਾ ਅਮਰ ਫ਼ਲ ਹੈ।

ਸਲੋਗਨ:- ਅਪਕਾਰੀਆਂ ਤੇ ਵੀ ਉਪਕਾਰ ਕਰਨ ਵਾਲੇ, ਨਿੰਦਕ ਨੂੰ ਵੀ ਮਿੱਤਰ ਸਮਝਣ ਵਾਲੇ ਬਾਪ ਸਮਾਨ ਹਨ।

******